The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning · Carpet Cleaning · Floor Polishing · Water Blaster · Lawn Mowing
Carpet Cleaning 3 Bedroom $95 5 Bedroom $135
ਹੋਮ ਕਲੀਨਿੰਗ · ਕਾਰਪੇਟ ਕਲੀਨਿੰਗ · ਫਲੋਰ ਪੋਲਿਸ਼ਿੰਗ · ਵਾਟਰ ਬਲਾਸਟਰ · ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

30 December 2018 Daily, editornztasveer@gmail.com designnztasveer@gmail.com Ph/Fax: 09 390 4644 FREE



ਗਿਆਨੀ ਜਗਤਾਰ ਸਿੰਘ ਜਾਚਕ ਦਾ ਨਿਊਜ਼ੀਲੈਂਡ ਪਹੁੰਚਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਕਮੇਟੀ ਮੈਂਬਰ

## ਨਿਊਜੀਲੈਂਡ ਦੀ ਸਿਟੀਜਨਸ਼ਿਪ ਲੈਣ 'ਚ ਭਾਰਤੀਆਂ ਨੇ ਮਾਰੀ ਬਾਜੀ

ਆਕਲੈਂਡ, 28 ਦਸੰਬਰ (ਐੱਨ ਜੈੱਡ ਤਸਵੀਰ) ਨਿਊਜ਼ੀਲੈਂਡ ਦੀ ਇਨਟਰਨਲ ਅਫੇਅਰਜ ਡਿਪਾਰਟਮੈਂਟ ਵੱਲੋਂ ਨਸ਼ਰ ਕੀਤੇ ਗਏ ਅੰਕੜੇ ਅਨੁਸਾਰ ਪਿਛਲੇ ਇੱਕ ਸਾਲ ਦੇ ਸਮੇਂ ਦੌਰਾਨ ਆਕਲੈਂਡ ਰਹਿੰਦੇ ਜਿਹੜੇ 18 ਹਜ਼ਾਰ 543 ਲੋਕਾਂ ਨੂੰ ਸਿਟੀਜ਼ਨਸ਼ਿਪ ਦਿੱਤੀ ਗਈ ਹੈ, ਉਨ੍ਹਾਂ ਵਿੱਚੋਂ ਸਭ ਤੋਂ ਜਿਆਦਾ ਭਾਰਤੀ ਮੂਲ ਦੇ 2885 ਲੋਕ ਹਨ। ਦੂਜਾ ਨੰਬਰ ਇੱਥੋਂ ਨੇੜਲੇ ਟਾਪੂ ਦੇਸ਼ ਸਮੋਆ ਦਾ ਆਉਂਦਾ ਹੈ, ਜਿਸ ਵਿੱਚ ਜਨਮੇ 2033 ਲੋਕਾਂ ਨੂੰ ਸਿਟੀਜ਼ਨਸ਼ਿਪ ਹਾਸਲ ਹੋਈ ਹੈ। ਇਸੇ ਤਰ੍ਹਾਂ ਤੀਜਾ ਨੰਬਰ ਇੱਕ ਹੋਰ ਟਾਪੂ ਦੇਸ਼ ਫਿਜੀ ਦਾ ਆਉਂਦਾ ਹੈ, ਜਿਸਦੇ 1910 ਅਤੇ ਬਰਤਾਨੀਆ 1669 ਲੋਕਾਂ ਨੂੰ ਨਿਊਜ਼ੀਲੈਂਡ ਦੀ ਨਾਗਰਿਕਤਾ ਦਿੱਤੀ ਗਈ ਹੈ। ਇੱਕ ਅਕਤੂਬਰ 2017 ਤੋਂ ਲੈ ਕੇ ਇਸ ਸਾਲ 31 ਅਕਤੂਬਰ 2018 ਤੱਕ ਦੇ 12 ਮਹੀਨਿਆਂ ਦੌਰਾਨ ਪੂਰੇ ਨਿਊਜ਼ੀਥਲੈਂਡ 'ਚ 36 ਹਜ਼ਾਰ 84 ਲੋਕਾਂ ਨੂੰ ਸਿਟੀਜ਼ਨਸ਼ਿਪ ਦਿੱਤੀ ਗਈ ਸੀ। ਪਰ ਦੇਸ਼ ਭਰ 'ਚ ਭਾਰਤ ਮੂਲ ਦੇ ਕਿੰਨੇ ਲੋਕਾਂ ਨੂੰ ਸਿਟੀਜ਼ਨਸ਼ਿਪ ਮਿਲੀ ਹੈ ? ਇਸਦਾ ਅੰਕੜਾ ਅਜੇ ਨਿਰਧਾਰਤ ਕੀਤਾ ਜਾਣਾ ਹੈ ਪਰ ਆਕਲੈਂਡ ਚੋਂ ਭਾਰਤੀਆਂ ਨੇ ਬਾਜ਼ੀ ਮਾਰ ਲਈ ਹੈ। ਇਮੀਗਰੇਸ਼ਨ ਮਾਮਲਿਆਂ ਦੇ ਮਾਹਿਰ ਅਤੇ ਮੈਸੀ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਪਾਓਲ ਸਪੂਨਲੇ ਦਾ ਕਹਿਣਾ ਹੈ ਕਿ ਭਾਰਤ ਅਤੇ ਚੀਨ ਹੀ ਅਜਿਹੇ ਦੇਸ਼ ਹਨ, ਜਿੱਥੋਂ ਸਭ ਤੋਂ ਵੱਧ ਲੋਕ ਵੀਜ਼ਾ ਲੈ ਕੇ ਨਿਊਜ਼ੀਲੈਂਡ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਦੁਨੀਆ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਤੋਂ ਭਾਰਤ ਨੇ ਝੰਡੀ ਖੋਹ ਲਈ ਹੈ। ਪਹਿਲਾਂ ਸਭ ਤੋਂ ਵੱਧ ਸਿਟੀਜ਼ਨਸ਼ਿਪ ਹਾਸਲ ਕਰਨ 'ਚ ਚੀਨ ਮੋਹਰੀ ਹੁੰਦਾ ਸੀ। ਪ੍ਰੋ ਸਪੂਨਲੇਅ ਦਾ ਕਹਿਣਾ ਹੈ ਕਿ ਪਰਮਾਨੈਂਟ ਰੈਜੀਡੈਂਟਸ ਵੱਲੋਂ ਨਿਊਜ਼ੀਲੈਂਡ ਪਾਸਪੋਰਟ ਲੈਣ ਪਿੱਛੇ ਕਈ ਕਾਰਨ ਹਨ। ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇੱਥੋਂ ਦੇ ਪਾਸਪੋਰਟ ਰਾਹੀਂ ਹੋਰਨਾਂ ਦੇਸ਼ਾਂ ਦੀ ਯਾਤਰਾ ਕਰਨੀ ਆਸਾਨ ਹੋ ਜਾਂਦੀ ਹੈ।




## ਆਕਲੈਂਡ ਦੇ ਹੌਰਾਕੀ ਖਾੜੀ 'ਚ ਟਾਪੂ 'ਤੇ ਫਸੀ ਔਰਤ ਨੂੰ ਹਸਪਤਾਲ ਲਿਜਾਇਆ ਗਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਦੇ ਹੌਰਾਕੀ ਖਾੜੀ ਇਲਾਕੇ ਵਿਚ ਇਕ ਟਾਪੂ ਵਿਚ ਫਸ ਜਾਣ ਤੋਂ ਬਾਅਦ ਇਕ ਔਰਤ ਨੂੰ ਹਸਪਤਾਲ ਲਿਜਾਇਆ ਗਿਆ ਹੈ। ਆਕਲੈਂਡ ਰੈਸੀਓ ਹੈਲੀਕਾਪਟਰ ਟਰੱਸਟ ਦੇ ਬੁਲਾਰੇ ਨੇ ਦੱਸਿਆ ਕਿ ਆਕਲੈਂਡ ਵੈਸਟਪੇਕ ਦੇ ਬਚਾਅ ਹੈਲੀਕਾਪਟਰਾਂ ਨੂੰ ਮੋਟੂਈਏ ਆਈਲੈਂਡ 'ਤੇ ਦੁਪਹਿਰ 1:30 ਵਜੇ ਭੇਜਿਆ ਸੀ। ਜਿੱਥੇ ਇੱਕ ਔਰਤ ਜਖਮੀ ਹਾਲਤ ਵਿੱਚ ਫਸੀ ਹੋਈ ਸੀ। ਉਸ ਨੂੰ ਸੱਟ ਲੱਗਣ ਕਾਰਨ ਗੰਭੀਰ ਹਾਲਤ ਵਿਚ ਆਕਲੈਂਡ ਸਿਟੀ ਹਸਪਤਾਲ ਲਿਜਾਇਆ ਗਿਆ। ਇਸ ਬਾਰੇ ਅਜੇ ਹੋਰ ਕੋਈ ਜਾਣਕਾਰੀ ਪੁਲਿਸ ਵੱਲੋਂ ਉਪਲਬਧ ਨਹੀਂ ਕਰਵਾਈ ਗਈ।

## ਆਕਲੈਂਡ ਏਅਰਪੋਰਟ ਦੁਬਾਰਾ ਖੋਲਿਆ ਗਿਆ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਆਕਲੈਂਡ ਏਅਰਪੋਰਟ ਦੇ ਇੰਟਰਨੈਸ਼ਨਲ ਟਰਮੀਨਲ 'ਤੇ ਬੀਤੇ ਕੱਲ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਸੀ ,ਜਾਣਕਾਰੀ ਅਨੁਸਾਰ ਇਹ ਅੱਗ ਇੱਕ ਡਿਊਟੀ ਫ੍ਰੀ ਦੁਕਾਨ ਤੇ ਲੱਗੀ ਸੀ। ਅੱਗ ਲੱਗਣ ਦੀ ਖਬਰ ਫੈਲਣ ਦੇ ਤੁਰੰਤ ਬਾਅਦ ਇੰਟਰਨੈਸ਼ਨਲ ਟਰਮੀਨਲ ਨੂੰ ਖਾਲੀ ਕਰਵਾਇਆ ਗਿਆ ਸੀ ਅਤੇ ਇਸ ਦੌਰਾਨ ਇੰਟਰਨੈਸ਼ਨਲ ਟਰਮੀਨਲ ਦੀਆਂ ਸੇਵਾਵਾਂ ਰੋਕਣੀਆਂ ਪਈਆਂ ਸਨ। ਫਾਇਰ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਇਸ ਮੌਕੇ 15 ਅੱਗ ਬੁਝਾਉਣ ਵਾਲੀਆਂ ਗੱਡੀਆ ਮੌਕੇ 'ਤੇ ਪੁੱਜੀਆਂ ਅਤੇ ਤਕਰੀਬਨ ਇੱਕ ਘੰਟੇ ਬਾਅਦ ਸਥਿਤੀ ਕਾਬੂ ਵਿੱਚ ਹੋਈ, ਜਿਸ ਤੋਂ ਬਾਅਦ ਦੋਬਾਰਾ ਤੋਂ ਏਅਰਪੋਰਟ ਤੇ ਆਵਾਜਾਈ ਸ਼ੁਰੂ ਕੀਤੀ ਜਾ ਸਕੀ।ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਦੱਸਿਆ ਹੈ ਕਿ ਇਸ ਨਾਲ ਕੋਈ ਵੀ ਜਖਮੀ ਨਹੀਂ ਹੋਇਆ।

## ਨਿਊਜੀਲੈਂਡ 'ਚ 6ਵਾਂ ਮਹਾਨ ਨਗਰ ਕੀਰਤਨ 5 ਜਨਵਰੀ ਨੂੰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 352ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਮਿਤੀ 5 ਜਨਵਰੀ 2019 ਨੂੰ ਨਿਊਜੀਲੈਂਡ ਦੇ ਟੌਰੰਗਾ ਵਿਖੇ ਗੁਰਦੁਆਰਾ ਸਿੱਖ ਸੰਗਤ ਵਿਖੇ ਕੱਢਿਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆ ਪ੍ਰਬੰਧਕਾਂ ਨੇ ਦੱਸਿਆ ਕਿ 3 ਜਨਵਰੀ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨਾਂ ਦੇ ਕਿ 5 ਜਨਵਰੀ ਸਵੇਰੇ 9 ਵਜੇ ਭੋਗ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾ-ਵਾਚਕ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਇਸ ਉਪਰੰਤ ਸਵੇਰੇ 11 ਵਜੇ ਨਗਰ ਕੀਰਤਨ ਅਰੰਭ ਹੋਵੇਗਾ। ਇਸ ਨਗਰ ਕੀਰਤਨ ਵਿੱਚ ਗਤਕੇ ਦੇ ਜੌਹਰ ਦਿਖਾਏ ਜਾਣਗੇ। ਮਿਊਜਿਕ ਬੈਂਡ ਅਤੇ ਬੱਚਿਆਂ ਦੇ ਸਿੱਖ ਬਾਣੇ ਖਿੱਚ ਦਾ ਕੇਂਦਰ ਹੋਣਗੇ। ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

Gurdwara Sikh Sangat Tauranga

## ਨਿਊਜੀਲੈਂਡ ਛੱਡ ਕੇ ਭਾਰਤ ਆ ਰਹੇ ਜੋੜੇ ਨੂੰ ਐਨ ਮੌਕੇ 'ਤੇ ਮਿਲਿਆ ਨਿਊਜੀਲੈਂਡ ਦਾ ਵਰਕ ਵੀਜਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ): ਆਕਲੈਂਡ (27 ਦਸੰਬਰ): ਨਿਊਜੀਲੈਂਡ ਇਮੀਗ੍ਰੇਸ਼ਨ ਨੇ ਉਸ ਭਾਰਤੀ ਜੋੜੇ ਨੂੰ ਵੀਜਾ ਦੇ ਦਿੱਤਾ ਹੈ ਜਿਹੜਾ ਆਪਣਾ ਬੋਰੀ ਬਿਸਤਰਾ ਬੰਨ ਕੇ ਭਾਰਤ ਨੂੰ ਵਾਪਸੀ ਦੀ ਤਿਆਰੀ ਕਰ ਰਿਹਾ ਸੀ, ਇੱਥੋਂ ਤੱਕ ਕਿ ਇਸ ਜੋੜੇ ਨੇ ਵਾਪਸੀ ਲਈ ਟਿਕਟਾਂ ਵੀ ਬੁੱਕ ਕਰਵਾ ਲਈਆਂ ਸਨ।ਸ਼ਿਆਮਲ ਪਟੇਲ ਜਿਸਨੇ ਪਾਮਰਸਟਨ ਨਾਰਥ ਦੇ ਆਈ ਪੀ ਯੂ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ ਸੀ ਅਤੇ ਉਸ ਨੂੰ ਵੈਲਿੰਗਟਨ ਦੀ ਅਲਅਮੀਰ ਬੈਂਕਰੀ ਤੋਂ ਆਫਿਸ ਮੈਨੇਜਰ ਦੀ ਜੋਬ ਆਫਰ ਦੀ ਪੇਸ਼ਕਸ਼ ਹੋਈ ਸੀ। ਪਰ ਉਹ ਉਸ ਵੇਲੇ ਹੱਕੀ-ਬੱਕੀ ਰਹਿ ਗਈ, ਜਦ ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ ਉਸ ਦੇ ਵਰਕ ਵੀਜ਼ਾ ਦੀ ਅਰਜ਼ੀ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਸ ਦੀ ਪੜ੍ਹਾਈ ਅਤੇ ਉਸ ਦੀ ਜਾਬ ਆਫਰ ਦੇ ਵਿਚਕਾਰ ਕੋਈ ਤਾਲਮੇਲ ਨਹੀਂ ਬੈਠਦਾ, ਜਿਸ ਦੇ ਚੱਲਦਿਆਂ ਉਸ ਦੀ ਵਰਕ ਵੀਜ਼ਾ ਦੀ ਅਰਜ਼ੀ ਰੱਦ ਕਰ ਦਿੱਤੀ। ਪਰ ਵਕੀਲ ਡੈਨੀਅਲ ਕੈਲਡਰੀਮੀਸ ਦੇ ਹੌਸਲਾ ਦੇਣ 'ਤੇ ਸ਼ਿਆਮਲ ਨੇ ਉਸ ਦੀ ਗੱਲ ਮੰਨ ਲਈ ਅਤੇ ਫਰਮ ਨੇ ਪਹਿਲਾਂ ਤਾਂ ਉਨ੍ਹਾਂ ਦੇ ਇਸ ਕੇਸ ਦੀ ਕਾਰਵਾਈ ਬਕਾਇਆ ਦਿਖਾ ਕੇ ਉਨ੍ਹਾਂ ਨੂੰ ਨਿਊਜ਼ੀਲੈਂਡ ਵਿੱਚ ਰਹਿਣ ਦੀ ਇਜਾਜਤ ਦੁਆਈ ਅਤੇ ਉਸ ਤੋਂ ਬਾਅਦ ਇਸ ਕੇਸ ਉੱਤੇ ਜੁਡੀਸ਼ੀਅਲ ਰੀਵਿਊ ਦੀ ਮੰਗ ਕੀਤੀ। ਕਾਨੂੰਨੀ ਦਾਅ ਪੇਚਾਂ ਦੇ ਚੱਲਦਿਆਂ, ਇਸ ਕੇਸ ਤੇ ਦੇਰੀ ਹੋਣ ਦੇ ਚੱਲਦਿਆਂ ਜੁਡੀਸ਼ੀਅਲ ਰੀਵਿਊ ਦੀ ਮੰਗ ਲੈਣਾ ਕਠਿਨ ਸੀ, ਪਰ ਇਸ ਦੇ ਬਾਵਜੂਦ ਡੈਨੀਅਲ ਕਰਾਉਨ ਨੂੰ ਇਹ ਮਨਾਉਣ ਵਿੱਚ ਰਾਜ਼ੀ ਹੋ ਗਏ ਕਿ ਜੇਕਰ ਉਹ ਡੈਨੀਅਲ ਜੁਡੀਸ਼ੀਅਲ ਰੀਵਿਊ ਨਾ ਲੈਣ ਦਾ ਫੈਸਲਾ ਕਰਦੇ ਹਨ ਤਾਂ ਉਹ ਸ਼ਿਆਮਲ ਨੂੰ ਦੋ ਸਾਲ ਦਾ ਵਰਕ ਵੀਜ਼ਾ ਜਾਰੀ ਕਰ ਦਿੱਤਾ ਜਾਏਗਾ ਅਤੇ ਡੈਨੀਅਲ ਨੂੰ ਜੱਜ ਨੂੰ ਹੁਣ ਇਸ ਮਾਮਲੇ ਵਿੱਚ ਮਨਾਉਣ ਦੀ ਲੋੜ ਨਹੀਂ ਰਹੀ ਕਿਉਂਕਿ ਇਹ ਫ਼ੈਸਲਾ ਵਰਕ ਵੀਜ਼ਾ ਤਾਂ ਉਨ੍ਹਾਂ ਦੀ ਮੰਗ ਸੀ।

## ਨਿਊਜ਼ੀਲੈਂਡ ਤੇ ਸ਼੍ਰੀਲੰਕਾ ਵਿਚਾਲੇ ਪਹਿਲੇ ਦਿਨ ਦੋਵਾਂ ਟੀਮਾਂ ਦਾ ਪਲੜਾ ਇਕ ਬਰਾਬਰ



ਕ੍ਰਾਈਸਟਚਰਚ- ਸੁਰੰਗਾ ਲਕਮਲ ਨੇ ਆਪਣੀ ਗੇਂਦਬਾਜ਼ੀ ਦਾ ਕਮਾਲ ਦਿਖਾਇਆ ਤੇ ਟਿਮ ਸਾਊਥੀ ਨੇ ਗੇਂਦਬਾਜ਼ੀ ਦੇ ਨਾਲ-ਨਾਲ ਬੱਲੇਬਾਜ਼ੀ ਵਿਚ ਵੀ ਜਲਵਾ ਬਿਖੇਰਿਆ, ਜਿਸ ਨਾਲ ਨਿਊਜ਼ੀਲੈਂਡ ਤੇ ਸ਼੍ਰੀਲੰਕਾ ਵਿਚਾਲੇ ਦੂਜੇ ਟੈਸਟ ਕ੍ਰਿਕਟ ਮੈਚ ਦੇ ਪਹਿਲੇ ਦਿਨ ਦੋਵਾਂ ਟੀਮਾਂ ਦਾ ਪਲੜਾ ਇਕ ਬਰਾਬਰ ਰਿਹਾ। ਸ਼੍ਰੀਲੰਕਾ ਨੇ ਟਾਸ ਜਿੱਤ ਕੇ ਪਹਿਲਾਂ ਫੀਲਡਿੰਗ ਕਰਨ ਦਾ ਫੈਸਲਾ ਕੀਤਾ ਤੇ ਲਕਮਲ (54 ਦੌੜਾਂ 'ਤੇ 5 ਵਿਕਟਾਂ) ਦੇ ਕਰੀਅਰ ਦੇ ਸਰਵਸ੍ਰੇਸ਼ਠ ਪ੍ਰਦਰਸ਼ਨ ਦੇ ਦਮ 'ਤੇ ਨਿਊਜ਼ੀਲੈਂਡ ਨੂੰ 50 ਓਵਰਾਂ ਵਿਚ 178 ਦੌੜਾਂ 'ਤੇ ਸਮੇਟ ਦਿੱਤਾ। ਉਸ ਵਲੋਂ ਸਾਊਥੀ ਨੇ ਸਭ ਤੋਂ ਵੱਧ 68 ਦੌੜਾਂ ਦੀ ਪਾਰੀ ਖੇਡੀ। ਇਸਦੇ ਜਵਾਬ ਵਿਚ ਸ਼੍ਰੀਲੰਕਾ ਨੇ ਵੀ ਪਹਿਲੇ ਦਿਨ ਦੀ ਖੇਡ ਖਤਮ ਹੋਣ ਤਕ 4 ਵਿਕਟਾਂ 'ਤੇ 88 ਦੌੜਾਂ ਬਣਾਈਆਂ। ਸਾਊਥੀ ਨੇ 29 ਦੌੜਾਂ ਦੇ ਕੇ 3 ਵਿਕਟਾਂ ਲਈਆਂ। ਸਟੰਪਸ ਦੇ ਸਮੇਂ ਐਂਜੇਲੋ ਮੈਥਿਊਜ਼ 27 ਤੇ ਰੋਸ਼ਨ ਸਿਲਵਾ 15 ਦੌੜਾਂ 'ਤੇ ਖੇਡ ਰਹੇ ਸਨ।

## ਨਿਊਜੀਲੈਂਡ ਦੇ ਖਿਡਾਰੀ ਨੇ 116 ਸਾਲ ਪੁਰਾਣਾ ਰਿਕਾਰਡ ਤੋੜਿਆ

ਕ੍ਰਿਕਟ ਇਕ ਅਜਿਹੀ ਖੇਡ ਹੈ ਜਿੱਥੇ ਅਕਸਰ ਨਵੇਂ ਰਿਕਾਰਡ ਬਣਦੇ ਅਤੇ ਟੁੱਟਦੇ ਹਨ। ਨਿਊਜ਼ੀਲੈਂਡ-ਸ਼੍ਰੀਲੰਕਾ ਵਿਚਾਲੇ ਕ੍ਰਾਈਸਟਚਰਚ 'ਚ ਚਲ ਰਹੇ ਦੂਜੇ ਟੈਸਟ ਦੇ ਦੌਰਾਨ ਇਕ ਅਜਿਹਾ ਰਿਕਾਰਡ ਬਣਿਆ ਜਿਸ ਨੂੰ ਤੋੜਨਾ ਕਿਸੇ ਵੀ ਗੇਂਦਬਾਜ਼ ਲਈ ਮੁਸ਼ਕਲ ਲਗਦਾ ਹੈ। ਨਿਊਜ਼ੀਲੈਂਡ ਦੇ ਤੇਜ਼ ਗੇਂਦਬਾਜ਼ ਟ੍ਰੇਂਟ ਬੋਲਟ ਨੇ 11 ਗੇਂਦਾਂ 'ਚ 5 ਵਿਕਟ ਝਟਕੇ। ਇਸ ਦੇ ਨਾਲ ਉਨ੍ਹਾਂ ਨੇ ਇੰਨੀਆਂ ਘੱਟ ਗੇਂਦਾਂ ਦੇ ਅੰਦਰ ਸਭ ਤੋਂ ਜ਼ਿਆਦਾ ਵਿਕਟ ਝਟਕਾਉਣ ਦਾ ਵਿਸ਼ਵ ਰਿਕਾਰਡ ਕਾਇਮ ਕਰ ਦਿੱਤਾ।

**116 ਸਾਲ ਪੁਰਾਣਾ ਰਿਕਾਰਡ ਟੁੱਟਿਆ**

ਬੋਲਟ ਦੀਆਂ ਤੇਜ਼ ਰਫਤਾਰ ਭਰੀਆਂ ਗੇਂਦਾਂ ਤੋਂ 116 ਸਾਲ ਪਹਿਲੇ ਬਣੇ ਰਿਕਾਰਡ ਨੂੰ ਢਹਿ-ਢੇਰੀ ਹੋਣਾ ਪਿਆ। 1902 'ਚ ਆਸਟਰੇਲੀਆ ਦੇ ਮੋਂਟੀ ਨੋਬੇਲ ਨੇ ਇੰਗਲੈਂਡ ਦੇ 12 ਗੇਂਦਾਂ 'ਚ 5 ਵਿਕਟ ਝਟਕੇ ਸਨ। ਹਾਲਾਂਕਿ ਇਸ ਤੋਂ ਬਾਅਦ 2002 'ਚ ਦੱਖਣੀ ਅਫਰੀਕਾ ਦੇ ਜੈਕ ਕੈਲਿਸ ਨੇ ਬੰਗਲਾਦੇਸ਼ ਦੇ ਅਤੇ ਵਿੰਡੀਜ਼ ਦੇ ਕੇਮਾਰ ਰੋਚ ਨੇ 2018 'ਚ ਬੰਗਲਾਦੇਸ਼ ਦੇ 12 ਗੇਂਦਾਂ 'ਚ 5 ਵਿਕਟ ਝਟਕੇ ਸਨ। ਪਰ ਹੁਣ ਬੋਲਟ ਨੇ 11 ਗੇਂਦਾਂ 'ਚ ਇਹ ਕਾਰਨਾਮਾ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ।

**ਕਿਵੇਂ ਝਟਕੇ ਵਿਕਟ**

ਸ਼੍ਰੀਲੰਕਾ ਨੇ ਪਹਿਲੀ ਪਾਰੀ 'ਚ 104 ਦੌੜਾਂ ਬਣਾਈਆਂ। ਬੋਲਟ ਨੇ ਮੈਚ 'ਚ 30 ਦੌੜਾਂ ਦੇ ਕੇ 6 ਵਿਕਟਾਂ ਝਟਕਾਈਆਂ। ਇਹ ਉਨ੍ਹਾਂ ਦੇ ਕਰੀਅਰ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ ਹੈ। ਮੈਚ ਦੇ ਦੂਜੇ ਦਿਨ ਵੀਰਵਾਰ ਨੂੰ ਸ਼੍ਰੀਲੰਕਾ ਨੇ ਪਹਿਲੀ ਪਾਰੀ 'ਚ ਚਾਰ ਵਿਕਟਾਂ 'ਤੇ 80 ਦੌੜਾਂ ਤੋਂ ਅੱਗੇ ਖੇਡਣਾ ਸ਼ੁਰੂ ਕੀਤਾ। 94 ਦੌੜਾਂ 'ਤੇ ਟੀਮ ਨੇ ਪਹਿਲਾ ਵਿਕਟ ਗੁਆਇਆ। ਬੋਲਟ ਨੇ ਰੋਸ਼ਨ ਸਿਲਵਾ (21) ਨੂੰ ਆਊਟ ਕੀਤਾ।

## ਏਅਰ ਨਿਊਜ਼ੀਲੈਂਡ ਦੇ ਯਾਤਰੀਆਂ ਨੇ 2018 'ਚ ਕੀਤਾ 30 ਬਿਲੀਅਨ ਕਿਲੋਮੀਟਰ ਦਾ ਸਫਰ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ): ਸਾਲ 2018 'ਚ ਏਅਰ ਨਿਊਜ਼ੀਲੈਂਡ ਦੀਆਂ 188,000 ਫਲਾਈਟਾਂ ਨੇ ਉਡਾਣ ਭਰੀ ਅਤੇ ਯਾਤਰੀਆਂ ਵੱਲੋਂ ਸਾਂਝੇ ਤੌਰ ਤੇ 29.85 ਬਿਲੀਅਨ ਕਿਲੋਮੀਟਰ ਦਾ ਸਫਰ ਤੈਅ ਕੀਤਾ ਗਿਆ, ਜੋ ਕਿ ਕਿਸੇ ਵੀ ਦੂਜੀ ਏਅਰਲਾਈਨ ਨਾਲੋਂ ਵੱਧ ਹੈ ? ਇਸ ਵਿੱਚ ਸਭ ਤੋਂ ਵੱਧ ਆਕਲੈਂਡ ਦੇ ਗ੍ਰਾਹਕਾਂ ਵਲੋਂ 639,000 ਕਿਲੋਮੀਟਰ ਦਾ ਸਫਰ ਤੈਅ ਕੀਤਾ ਗਿਆ, ਜੋ ਕਿ ਦੁਨੀਆ ਦੇ 15 ਚੱਕਰ ਲਗਾਉਣ ਦੇ ਬਰਾਬਰ ਹੈ ? ਜਿੰਨਾਂ 3 ਗ੍ਰਾਹਕਾਂ ਨੇ 1.25 ਮਿਲੀਅਨ ਕਿਲੋਮੀਟਰ ਦਾ ਸਫਰ ਸਾਂਝੇ ਤੌਰ ਤੇ ਕੀਤਾ ਗਿਆ ਹੈ , ਉਨਾਂ ਨੂੰ ਏਅਰ ਨਿਊਜ਼ੀਲੈਂਡ ਦੇ ਪੁਆਇੰਟਸ 31,000 ਵੀ ਇਨਾਮ ਵਜੋਂ ਮਿਲੇ ਹਨ. ਸਾਲ 2019 ਵਿੱਚ 18 ਮਿਲੀਅਨ ਗਾਹਕਾਂ ਦੇ ਯਾਤਰਾ ਦੀ ਉਮੀਦ ਹੈ, ਤੇ ਲੰਬੀ ਉਡਾਣ ਸ਼ਿਕਾਗੋ ਅਤੇ ਤਾਈਪੇਈ ਸ਼ੁਰੂ ਹੋਣ ਦੀ ਉਮੀਦ ਹੈ।